Coventry City Council

4 ਨਵੰਬਰ 2020

ਪਿਆਰੇ ਮਾਪੇ/ਕੇਅਰਰ,

ਇੱਕ ਬਦਲ ਰਹੀ ਰਾਸ਼ਟਰੀ ਤਸਵੀਰ ਅਤੇ ਆਉਣ ਵਾਲੇ ਰਾਸ਼ਟਰੀ ਲਾਕਡਾਊਨ(ਬੰਦ) ਦੇ ਮੱਦੇਨਜ਼ਰ ਤੁਹਾਡੇ ਵੱਲੋਂ ਲਗਾਤਾਰ ਸੁਪੋਰਟ ਦੇਣ ਦੇ ਲਈ ਤੁਹਾਡਾ ਧੰਨਵਾਦ ਕਰਨ ਅਤੇ ਕੌਵੈਂਟਰੀ ਭਰ ਦੇ ਸਕੂਲਾਂ ਦੀ ਸਥਿਤੀ ਦੇ ਬਾਰੇ ਹੋਰ ਭਰੋਸਾ ਦੇਣ ਵਾਸਤੇ ਮੈਂ ਤੁਹਾਨੂੰ ਲਿਖਣਾ ਚਾਹੁੰਦੀ ਸੀ ।

ਰਾਸ਼ਟਰੀ ਪਾਬੰਦੀਆਂ ਦੇ ਬਾਵਜੂਦ ਵੀ ਇਹ ਬਹੁਤ ਜ਼ਰੂਰੀ ਹੈ ਕਿ ਸਾਡੇ ਬੱਚੇ ਅਤੇ ਨੌਜਵਾਨ ਲੋਕ ਜਿੰਨਾ ਸੰਭਵ ਹੋ ਸਕੇ ਜੀਵਨ ਦਾ ਢੰਗ ਆਮ ਰੱਖ ਸਕਣ, ਇਸਦੀ ਮਨਜ਼ੂਰੀ ਸਥਾਨਿਕ ਅਤੇ ਰਾਸ਼ਟਰੀ ਤੌਰ ਤੇ ਦਿੱਤੀ ਗਈ ਹੈ । ਅਸੀਂ ਖੁਸ਼ਕਿਸਮਤ ਹਾਂ ਕਿ ਸਾਡੇ ਕੋਲ ਬਹੁਤ ਵਧੀਆ ਸਕੂਲ ਹਨ, ਜਿਨ੍ਹਾਂ ਵਿੱਚ ਉੱਤਮ ਅਤੇ ਸਮਰਪਿਤ ਅਧਿਆਪਕ ਅਤੇ ਸਟਾਫ ਹੈ ਅਤੇ ਸਾਨੂੰ ਵਿਸ਼ਵਾਸ ਹੈ ਕਿ ਸਾਰੇ ਬੱਚੇ ਆਪਣੇ ਸਬਕ(ਲੈਸਨਾਂ) ਵਿੱਚ ਹੋਣ, ਸਿਰਫ ਪੜ੍ਹਨ ਵਾਸਤੇ ਹੀ ਨਹੀਂ, ਬਲਕਿ ਆਪਣੀ ਮਾਨਸਿਕ ਅਤੇ ਸਰੀਰਿਕ ਭਲਾਈ ਦੇ ਲਈ ਵੀ ।

ਤੁਹਾਡੇ ਬੱਚੇ/ਬੱਚਿਆਂ ਦੀ ਪੜ੍ਹਾਈ ਵਿੱਚ ਮਦਦ ਜਾਰੀ ਰੱਖਣ ਦੇ ਨਾਲ਼ ਅਸੀਂ ਖੁਸ਼ ਹਾਂ । ਮੈਂ ਜਾਣਦੀ ਹਾਂ ਕਿ ਸ਼ਹਿਰ ਭਰ ਵਿੱਚ ਅਜਿਹੇ ਹਲਾਤ ਰਹਿ ਚੁੱਕੇ ਹਨ, ਅਤੇ ਅੱਗੇ ਵੀ ਹੋਣਗੇ, ਜਿੱਥੇ ਕਿ ਆਪਣੀ ਪੜ੍ਹਾਈ ਵਾਲੀ ਥਾਂ ਤੇ ਕਿਸੇ ਕੌਵਿਡ (ਕਨਫਰਮ) ਕੇਸ ਵਾਲੇ ਵਿਅਕਤੀ ਦੇ ਸੰਪਰਕ ਵਿੱਚ ਆਉਣ ਕਰਕੇ ਬੱਚਿਆਂ/ਨੌਜਵਾਨ ਲੋਕਾਂ ਨੂੰ ਆਪਣੇ ਆਪ ਨੂੰ ਅਲੱਗ(ਸੈਲਫ ਆਇਸੋਲੇਟ) ਰੱਖਣ ਦੀ ਜ਼ਰੂਰਤ ਹੋਵੇਗੀ । ਇਹ ਸਪੱਸ਼ਟ ਤੌਰ ਤੇ ਇੱਕ ਜ਼ਰੂਰੀ ਸਾਵਧਾਨੀ ਹੈ ਤਾਂਕਿ ਕੌਵਿਡ 19 (COVID-19) ਦੇ ਫੈਲਣ ਤੋਂ ਬਚਾਓ ਕਰਨ ਅਤੇ ਪੜ੍ਹਾਈ ਵਾਲੀਆਂ ਥਾਵਾਂ ਨੂੰ ਜਿੰਨਾ ਸੰਭਵ ਹੋ ਸਕੇ ਵੱਧ ਤੋਂ ਵੱਧ ਬੱਚਿਆਂ ਅਤੇ ਨੌਜਵਾਨ ਲੋਕਾਂ ਲਈ ਖੁੱਲ੍ਹਾ ਰੱਖਿਆ ਜਾ ਸਕੇ ।

ਜਿੱਥੇ ਬੱਚਿਆਂ ਨੂੰ ਸੈਲਫ ਆਇਸੋਲੇਟ ਕਰਨ ਦੀ ਲੋੜ ਹੈ, ਉੱਥੇ ਸਕੂਲ ਰਿਮੋਟ ਲਰਨਿੰਗ ਪੈਕੇਜਾਂ(ਘਰ ਬੈਠ ਕੇ ਪੜ੍ਹਾਈ ਕਰਨ ਵਾਲੇ ਪੈਕ) ਦਾ ਇਸਤੇਮਾਲ਼ ਕਰਕੇ ਉਨ੍ਹਾਂ ਦੀ ਪੜ੍ਹਾਈ ਵਿੱਚ ਮਦਦ ਕਰਨਾ ਜਾਰੀ ਰੱਖਣਗੇ ਅਤੇ ਉਸੇ ਤਰ੍ਹਾਂ ਵਧਣਾ ਜਾਰੀ ਰੱਖਣਗੇ ਜਿਸ ਤਰ੍ਹਾਂ ਸਪਰਿੰਗ(ਜਨਵਰੀ–ਅਪ੍ਰੈਲ) ਅਤੇ ਸਮਰ(ਅਪ੍ਰੈਲ–ਜੁਲਾਈ) ਵਿੱਚ ਸੀ । ਮੈਂ ਤੁਹਾਨੂੰ ਭਰੋਸਾ ਦੇਣਾ ਚਾਹੁੰਦੀ ਹਾਂ ਕਿ ਪੜ੍ਹਾਈ ਵਾਲੀਆਂ ਥਾਵਾਂ ਨੂੰ ਅੱਧੂਰਾ/ਪੂਰਾ ਬੰਦ ਕਰਨ ਦੇ ਫੈਸਲੇ ਨੂੰ ਕਦੇ ਵੀ ਹਲਕੇ ਵਿੱਚ ਨਹੀਂ ਲਿਆ ਜਾਂਦਾ, ਬਲਕਿ ਇਹ ਫੈਸਲਾ ਪੜ੍ਹਾਈ ਵਾਲੀ ਥਾਂ ਅਤੇ ਸਥਾਨਿਕ ਅਦਾਰੇ(ਲੋਕਲ ਅਥਾਰਟੀ) ਦੀ

ਪੂਰੀ ਆਪਸੀ ਸਲਾਹ ਨਾਲ, ਖ਼ਾਸ ਸਥਾਨਿਕ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜਨਤਾ ਦੀ ਸੇਹਤ, ਪਬਲਿਕ ਹੈੱਲਥ ਇੰਗਲੈਂਡ ਦੀ ਸਲਾਹ ਅਤੇ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਲਿਆ ਜਾਂਦਾ ਹੈ ।

ਜਿੰਨਾ ਸੰਭਵ ਹੋ ਸਕੇ ਅਸੀਂ ਸਾਡੇ ਸਕੂਲਾਂ ਨੂੰ ਸੁਰੱਖਿਤ ਬਨਾਉਣ ਦੇ ਲਈ ਜਤਨ ਕਰਨਾ ਜਾਰੀ ਰੱਖਾਂਗੇ ਅਤੇ ਜੋ ਮਦਦ ਤੁਸੀਂ ਆਪਣੇ ਸ਼ਹਿਰ ਵਿੱਚੋਂ ਕੌਵਿਡ 19 (COVID-19) ਘਟਾਉਣ ਲਈ ਕੀਤੀ ਹੈ ਉਸਦੇ ਵਿੱਚ ਤੁਹਾਡੀ ਲਗਾਤਾਰ ਸੁਪੋਰਟ ਦੇਣ ਵਾਸਤੇ ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦੀ ਹਾਂ । ਆਪਣੇ ਸਕੂਲਾਂ ਦੇ ਵਿੱਚ ਸਕੂਲ ਵਾਲੇ ਖ਼ਤਰੇ ਦਾ ਮੁਆਇਨਾ(ਰਿਵਿਊ) ਕਰਨਾ ਜਾਰੀ ਰੱਖਣ ਅਤੇ ਉਸਦੇ ਅਨੁਕੂਲ ਰਿਸਕ ਅਸੈਸਮੈਂਟਾਂ(ਖ਼ਤਰੇ ਦਾ ਮੁਲਾਂਕਣ) ਕਰਨ, ਅਤੇ ਇਹ ਪੱਕਾ ਕਰਨ ਦੇ ਲਈ ਕਿ ਅਸੀਂ ਸੁਰੱਖਿਅਤ ਖੁੱਲੇ ਰਹਿ ਸਕੀਏ, ਇੱਕ ਸ਼ਹਿਰ ਦੇ ਨਾਤੇ ਅਸੀਂ ਆਪਣੀ ਸਿੱਖਿਆ ਸ਼ਹਿਰ ਭਰ ਦੇ ਸਕੂਲਾਂ ਨਾਲ ਸਾਂਝੀ ਕਰੀਏ ।

ਰਾਸ਼ਟਰੀ ਲੌਕਡਾਊਨ ਦੇ ਹਾਲਾਤਾਂ ਵਿੱਚ ਆਉਣ ਨਾਲ, ਹੁਣ ਸਪੱਸ਼ਟ ਤੌਰ ਤੇ ਸਖ਼ਤ ਪਬੰਦੀਆਂ ਲਗਾਈਆਂ ਹਨ ਜਿਨ੍ਹਾਂ ਦੀ ਪਾਲਣਾ ਲੋਕਾਂ ਨੂੰ ਕਰਨੀ ਹੋਵੇਗੀ ਅਤੇ ਇੱਕ ਮਾਪਾ ਜਾਂ ਕੇਅਰਰ ਹੋਣ ਦੇ ਨਾਤੇ ਤੁਸੀਂ ਕਾਫੀ ਸਾਰੀਆਂ ਅਜਿਹੀਆਂ ਚੀਜ਼ਾਂ ਕਰਨੀਆਂ ਜਾਰੀ ਰੱਖ ਸਕਦੇ ਹੋ ਜਿਨ੍ਹਾਂ ਦੀ ਮਦਦ ਦੇ ਨਾਲ ਸਾਡੀ ਸਿੱਖਿਆ ਵਾਲੀਆਂ ਥਾਵਾਂ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ । ਇਨ੍ਹਾਂ ਵਿੱਚ ਸ਼ਾਮਿਲ ਹੈ:

- ਜੇਕਰ ਤੁਹਾਡੇ ਬੱਚੇ ਨੂੰ ਕਰੋਨਾ ਵਾਇਰਸ ਦੇ ਲੱਛਣ ਹੋਣ ਜਾਂ ਤੁਹਾਡੇ ਘਰ ਵਿੱਚ ਕਿਸੇ ਵਿਅਕਤੀ ਨੂੰ ਕਰੋਨਾ ਵਾਇਰਸ ਦੇ ਲੱਛਣ ਹੋਣ ਤਾਂ ਆਪਣੇ ਬੱਚੇ ਨੂੰ ਨਰਸਰੀ, ਚਾਈਲਡ ਮਾਈਂਡਰ, ਸਕੂਲ ਜਾਂ ਕਾਲਜ ਨਾ ਭੇਜੋ ।

- ਜਦੋਂ ਤੁਹਾਡੇ ਬੱਚੇ ਨੂੰ ਆਪਣੀ ਪੜ੍ਹਾਈ ਵਾਲੀ ਥਾਂ ਤੇ ਜਾਂ ਕਿਤੇ ਹੋਰ ਕਿਸੇ ਕੌਵਿਡ ਕੇਸ ਵਾਲੇ ਵਿਅਕਤੀ ਦੇ ਸੰਪਰਕ ਵਿੱਚ ਆਉਣ ਬਾਰੇ ਪਤਾ ਲੱਗਿਆ ਹੋਵੇ ਤਾਂ ਉਦੋਂ ਆਪਣੇ ਬੱਚੇ ਨੂੰ ਘਰ ਹੀ ਰੱਖੋ ।

- ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਲੱਛਣ ਹੋਣ ਤਾਂ ਟੈੱਸਟ ਦਾ ਪ੍ਰਬੰਧ ਕਰੋ–ਭਾਵੇਂ ਲੱਛਣ ਹਲਕੇ ਜਿਹੇ ਹੀ ਹੋਣ – ਅਤੇ ਇਸਦੇ ਨਤੀਜੇ ਦੀ ਜਾਣਕਾਰੀ ਨਰਸਰੀ, ਚਾਈਲਡਮਾਈਂਡਰ, ਸਕੂਲ ਜਾਂ ਕਾਲਜ ਨੂੰ ਦਿਓ । ਹਾਲਾਂਕਿ ਟੈੱਸਟ ਕਰਨ ਦੀ ਸਮਰੱਥਾ ਦੇ ਨਾਲ ਪਹਿਲਾਂ ਕੁਝ ਮੁਸ਼ਕਲਾਂ ਸਨ ਪਰ ਹੁਣ ਇਨ੍ਹਾਂ ਦਾ ਹੱਲ ਕਰ ਲਿਆ ਗਿਆ ਹੈ ।

- ਜੇਕਰ ਕਿਸੇ ਘਰ ਵਿੱਚ ਕੋਈ ਮੈਂਬਰ ਆਪਣੇ ਨਤੀਜੇ ਦੀ ਉਡੀਕ ਕਰ ਰਿਹਾ ਹੈ, ਤਾਂ ਇਹ ਪੱਕਾ ਕੀਤਾ ਜਾਵੇ ਕਿ ਉਸ ਘਰ ਦੇ ਸਾਰੇ ਲੋਕ ਆਪਣੇ ਆਪ ਨੂੰ ਆਈਸੋਲੇਟ(ਅਲੱਗ) ਰੱਖਣ ਅਤੇ ਜੇਕਰ ਨਤੀਜਾ ਹਾਂ ਵਿੱਚ (ਪੌਜ਼ੀਟਿਵ) ਆਉਂਦਾ ਹੈ ਤਾਂ ਆਈਸੋਲੇਸ਼ਨ ਜਾਰੀ ਰਹੇ ।

- ਆਪਣੇ ਬੱਚਿਆਂ ਨੂੰ ਹੱਥ ਧੋਣ, ਦੂਰੀ ਰੱਖਣ ਅਤੇ ਘੱਟੋ ਘੱਟ ਸੰਪਰਕ ਰੱਖਣ ਬਾਰੇ ਪੱਕਾ ਕਰੋ

- ਚਾਲੂ ਨਿਯਮਾਂ ਅਤੇ ਨਿਰਦੇਸ਼ਾਂ (ਜਿਸ ਵਿੱਚ ਵੱਡੇ ਬੱਚਿਆਂ ਨੂੰ ਸਕੂਲ ਅਤੇ ਸਕੂਲ ਤੋਂ ਬਾਹਰ ਆਉਣ/ਜਾਣ ਬਾਰੇ ਪੱਕਾ ਕਰਨਾ ਸ਼ਾਮਿਲ ਹੈ ) ਦੀ ਪਾਲਣਾ ਕਰਨਾ ਜਿਸ ਨਾਲ ਵਾਇਰਸ ਫੈਲਣ ਨੂੰ ਘਟਾਉਣ ਵਿੱਚ ਮਦਦ ਹੋਵੇਗੀ

- ਆਪਣੇ ਸਕੂਲਾਂ ਦੀ ਸੁਪੋਰਟ ਕਰੋ, ਉਨ੍ਹਾਂ ਨੂੰ ਸਮਝਣ ਨਾਲ ਅਤੇ ਆਪਣੇ ਬੱਚਿਆਂ ਨੂੰ ਪੱਕਾ ਕਰਨ ਨਾਲ ਜਿੱਥੇ ਉਨ੍ਹਾਂ ਨੂੰ ਸਕੂਲ (ਸਕੂਲ ਦੀ ਪਾਲਿਸੀ ਦੇ ਅਨੁਸਾਰ) ਅਤੇ ਪਬਲਿਕ ਟ੍ਰਾਂਸਪੋਰਟ(ਜਿਸ ਵਿੱਚ ਸਕੂਲਾਂ ਲਈ ਲਗਾਈਆਂ ਬੱਸਾਂ ਵੀ ਸ਼ਾਮਿਲ ਹਨ) ਵਿੱਚ ਫੇਸ ਮਾਸਕ ਪਾਉਣ ਦੀ ਜ਼ਰੂਰਤ ਹੋਵੇ ।

- ਜਦੋਂ ਤੁਸੀਂ ਵਿਦਿਆਰਥੀਆਂ ਨੂੰ ਸਕੂਲ ਵਾਲੀਆਂ ਥਾਵਾਂ ਤੇ ਛੱਡਣ ਜਾਂ ਲੈਣ ਜਾਂਦੇ ਹੋ ਤਾਂ ਚਾਲੂ ਨਿਯਮਾਂ ਦੀ ਪਾਲਣਾ ਕਰੋ, ਅਤੇ ਪੱਕਾ ਕਰੋ ਕਿ ਤੁਸੀਂ ਫੇਸ ਮਾਸਕ ਪਾਇਆ ਹੋਵੇ, ਦੂਸਰੇ ਮਾਪਿਆਂ ਤੋਂ ਦੋ ਮੀਟਰ ਦੀ ਦੂਰੀ ਦਾ ਫਰਕ ਰੱਖੋ (ਜਿਸ ਵਿੱਚ ਸਕੂਲ ਦੇ ਅੰਦਰ, ਬਾਹਰ ਜਾਣ ਜਾਂ ਤੁਰੰਤ ਬਾਹਰ ਨਿਲਕਣ ਵਾਲੀਆਂ ਥਾਵਾਂ ਨੂੰ ਨਾ ਰੋਕਿਆ ਜਾਣਾ ਸ਼ਾਮਿਲ ਹੈ ) ।

ਜੇਕਰ ਤੁਸੀਂ ਕੋਂਵਿਡ 19 (COVID-19) ਦੇ ਬਾਰੇ ਹੋਰ ਮਦਦ ਜਾਂ ਸਲਾਹ ਲੈਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ https://www.gov.uk/coronavirus ਤੇ ਜਾਓ ।

ਤੁਹਾਡੀ ਸ਼ੁਭਚਿੰਤਕ,

K. Nelson

E Gaulton

ਕਰਸਟਨ ਨੈੱਲਸਨ(Kirston Nelson)
**ਡਾਇਰੈਕਟਰ ਆਫ ਐਜੂਕੇਸ਼ਨ ਐਂਡ ਸਕਿਲਜ਼**
**(Director of Education & Skills)**

ਲਿਜ਼ ਗੋਲਟਨ(Liz Gaulton)
**ਡਾਇਰੈਕਟਰ ਆਫ ਪਬਲਿਕ ਹੈੱਲਥ ਐਂਡ ਵੈੱਲਬੀਂਗ**
**(Director of Public Health and Wellbeing)**